**24 ਦਸੰਬਰ 2024**
**ਕ੍ਰਿਸਮਿਸ ਤੋਂ ਪਹਿਲਾਂ ਵਾਲੀ ਸ਼ਾਮ**
**ਮੁਕਤੀ ਦੀ ਰੋਸ਼ਨੀ ਚਮਕ ਉੱਠੀ ਹੈ**

ਜ਼ਬੂਰਾਂ ਦੀ ਪੋਥੀ 89 ਆਇਤਾਂ 1 ਤੋਂ 4, ਅਤੇ 19 ਤੋਂ 37 ਤੀਕ
ਯਸਾਯਾਹ ਅਧਿਆਇ 52 ਆਇਤਾਂ 1 ਤੋਂ 10 ਤੀਕ
ਮੱਤੀ ਅਧਿਆਇ 1 ਤੋਂ ਅਧਿਆਇ 18 ਦੇ ਅੰਤ ਤੀਕ

ਮੁੱਖ ਆਇਤ - ਮੱਤੀ ਅਧਿਆਇ 1 ਆਇਤ 21 "ਉਹ ਪੁੱਤ੍ਰ ਜਣੇਗੀ ਅਤੇ ਤੂੰ ਉਹ ਦਾ ਨਾਮ ਯਿਸੂ ਰੱਖੀਂ ਕਿਉਂ ਜੋ ਉਹ ਆਪਣੇ ਲੋਕਾਂ ਨੂੰ ਉਨ੍ਹਾਂ ਦੇ ਪਾਪਾਂ ਤੋਂ ਬਚਾਵੇਗਾ।"

ਕ੍ਰਿਸਮਸ ਤੋਂ ਪਹਿਲਾਂ ਵਾਲੀ ਸ਼ਾਮ ਮਨਨ ਕਰਨ ਦਾ ਇੱਕ ਪਵਿੱਤਰ ਸਮਾਂ ਹੈ, ਜਿਹੜਾ ਹੈਰਾਨੀ ਅਤੇ ਉਮੀਦ ਨਾਲ ਭਰਿਆ ਹੋਇਆ ਹੈ। ਇਸ ਪਵਿੱਤਰ ਰਾਤ ਵਿੱਚ, ਅਸੀਂ ਸੰਸਾਰ ਦ ੇ ਮੁਕਤੀਦਾਤਾ, ਯਿਸੂ ਮਸੀਹ ਦੇ ਅਚੰਰਜ ਭਰੇ ਜਨਮ ਦਾ ਅਨੰਦ ਮਨਾਉਣ ਲਈ ਇਕੱਠੇ ਹੁੰਦੇ ਹਾਂ। ਇਹ ਘਟਨਾ, ਨਬੀਆਂ ਦੁਆਰਾ ਭਵਿੱਖਬਾਣੀ ਕੀਤੀ ਗਈ ਅਤੇ ਦੂਤਾਂ ਦੁਆਰਾ ਉਸਤਤ ਵਿੱਚ ਗਾਈ ਗਈ, ਇਹ ਮਨੁੱਖ ਲਈ ਮੁਕਤੀ ਦੀ ਪਰਮੇਸ਼ੁਰ ਦੀ ਅਖੀਰਲੀ ਯੋਜਨਾ ਦੇ ਅਰੰਭ ਨੂੰ ਦਰਸਾਉਂਦੀ ਹੈ। ਇਹ ਇੱਕ ਅਜਿਹੀ ਰਾਤ ਹੈ, ਜੋ ਸਾਨੂੰ ਪਰਮੇਸ਼ੁਰ ਦੀ ਵਫ਼ਾਦਾਰੀ, ਉਸਦੀ ਬਚਾਉਣ ਵਾਲੀ ਸ਼ਕਤੀ, ਅਤੇ ਉਸਦੀ ਮੁਕਤੀ ਵਿੱਚ ਹਿੱਸਾ ਲੈਣ ਲਈ ਸਾਰਿਆਂ ਨੂੰ ਉਸਦੇ ਸੱਦੇ ਦੀ ਯਾਦ ਦਿਵਾਉਂਦੀ ਹੈ। ਜ਼ਬੂਰ 89 ਵਿੱਚ ਉਸਦੇ ਆਉਣ ਦੀ ਮੁਨਾਦੀ ਤੋਂ ਲੈ ਕੇ ਯਸਾਯਾਹ ਦੇ 52ਵੇਂ ਅਧਿਆਇ ਵਿੱਚ ਭਵਿੱਖਬਾਣੀ ਦਾ ਦਰਸ਼ਣ ਅਤੇ ਮੱਤੀ ਦੇ ਅਧਿਆਇ 1 ਵਿੱਚ ਦਰਜ ਇੰਨ੍ਹਾਂ ਗੱਲਾਂ ਦੇ ਪੂਰਿਆਂ ਹੋਣ ਤੱਕ, ਅਸੀਂ ਕ੍ਰਿਸਮਸ ਦੀ ਕਹਾਣੀ ਦੇ ਤਿੰਨ ਪਹਿਲੂਆਂ ਦੀ ਪੜਚੋਲ ਕਰਾਂਗੇ: ਯਾਨੀ ਪਰਮੇਸ਼ੁਰ ਦੀ ਵਫ਼ਾਦਾਰੀ, ਪਰਮੇਸ਼ੁਰ ਦੀ ਮੁਕਤੀ, ਅਤੇ ਪਰਮੇਸ਼ੁਰ ਦੀ ਮੌਜੂਦਗੀ।

**ਪਹਿਲਾ ਵਿਚਾਰ. ਪਰਮੇਸ਼ੁਰ ਦੀ ਵਫ਼ਾਦਾਰੀ: ਮੁਕਤੀਦਾਤਾ ਦਾ ਨੇਮ** (ਜ਼ਬੂਰਾਂ ਦੀ ਪੋਥੀ ਅਧਿਆਇ 89 ਆਇਤਾਂ 1 ਤੋਂ 4, ਅਤੇ 19 ਤੋਂ 37 ਤੀਕ)
ਜ਼ਬੂਰ ਅਧਿਆਇ 89 ਪਰਮੇਸ਼ੁਰ ਦੇ ਅਡੋਲ ਪ੍ਰੇਮ ਅਤੇ ਵਫ਼ਾਦਾਰੀ ਦੀ ਮੁਨਾਦੀ ਨਾਲ ਅਰੰਭ ਹੁੰਦਾ ਹੈ: "ਯਹੋਵਾਹ ਦੀਆਂ ਮਿਹਰਬਾਨੀਆਂ ਦੇ ਗੀਤ ਮੈਂ ਸਦਾ ਗਾਵਾਂਗਾ, ਮੈਂ ਤੇਰੀ ਵਫ਼ਾਦਾਰੀ ਸਾਰੀਆਂ ਪੀੜ੍ਹੀਆਂ ਨੂੰ ਆਪਣੇ ਮੂੰਹੋਂ ਸਮਝਾਵਾਂਗਾ" (ਆਇਤ 1) ਇਹ ਸਾਨੂੰ ਪਰਮੇਸ਼ੁਰ ਦੇ ਨੇਮ ਦੀ ਯਾਦ ਦਿਵਾਉਂਦਾ ਹੈ, ਜਿਸ ਵੱਚ ਉਸਦੇ ਵੰਸ਼ ਵਿੱਚੋਂ ਇੱਕ ਰਾਜੇ ਦੇ ਆਉਣ ਦਾ ਵਾਅਦਾ ਕੀਤਾ ਗਿਆ ਸੀ, ਜੋ ਇੱਕ ਸਦੀਵੀ ਰਾਜ ਸਥਾਪਿਤ ਕਰੇਗਾ। ਯਿਸੂ ਇਸ ਨੇਮ ਦੀ ਪੂਰਤੀ ਹੈ, ਉਹੋ ਲੰਬੇ ਸਮੇਂ ਤੋਂ ਉਡੀਕਿਆ ਜਾ ਰਿਹਾ ਮਸੀਹਾ ਹੈ, ਜੋ ਨਾ ਸਿਰਫ਼ ਇਸਰਾਏਲ ਉੱਤੇ ਸਗੋਂ ਸਾਰੀ ਸ੍ਰਿਸ਼ਟੀ ਉੱਤੇ ਰਾਜ ਕਰਨ ਲਈ ਆਇਆ ਸੀ। ਕਲਪਨਾ ਕਰੋ ਕਿ ਕਈ ਪੀੜ੍ਹੀਆਂ ਪਹਿਲਾਂ ਤੁਹਾਡੇ ਨਾਲ ਇੱਕ ਵਾਅਦਾ ਕੀਤਾ ਗਿਆ ਸੀ, ਜੋ ਸਦੀਆਂ ਤੱਕ ਚੱਲਿਆ ਅਤੇ ਅਖੀਰ ਵਿੱਚ ਤੁਹਾਡੇ ਜੀਵਨ ਵਿੱਚ ਪੂਰਾ ਹੋਇਆ। ਇਹੋ ਯਿਸੂ ਦੇ ਜਨਮ ਦੀ ਮਹੱਤਤਾ ਹੈ - ਯਾਨੀ ਕਿ ਦਾਊਦ ਨਾਲ ਇੱਕ ਹਜ਼ਾਰ ਸਾਲ ਪਹਿਲਾਂ ਕੀਤਾ ਗਿਆ ਵਾਅਦਾ, ਜੋ ਕਿ ਪਰਮੇਸ਼ੁਰ ਨੇ ਬੈਤਲਹਮ ਵਿੱਚ ਪੂਰਾ ਕੀਤਾ ਸੀ। ਆਪਣੇ ਵਾਅਦਿਆਂ ਨੂੰ ਨਿਭਾਉਣ ਲਈ ਪਰਮੇਸ਼ੁਰ ਦੀ ਵਫ਼ਾਦਾਰੀ ਸਾਨੂੰ ਉਮੀਦ ਦਿੰਦੀ ਹੈ। ਅਜਿਹੀ ਦੁਨੀਆਂ ਵਿਚ, ਜਿੱਥੇ ਮਨੁੱਖੀ ਵਾਇਦੇ ਅਕਸਰ ਕਮਜ਼ੋਰ ਹੁੰਦੇ ਹਨ, ਯਿਸੂ ਦਾ ਜਨਮ ਸਾਨੂੰ ਯਾਦ ਦਿਵਾਉਂਦਾ ਹੈ ਕਿ ਪਰਮੇਸ਼ੁਰ ਦਾ ਬਚਨ ਕਦੇ ਅਸਫਲ ਨਹੀਂ ਹੁੰਦਾ। ਕ੍ਰਿਸਮਸ ਦੀ ਕਹਾਣੀ ਗਵਾਹ ਹੈ ਕਿ ਪਰਮੇਸ਼ੁਰ ਦਾ ਪ੍ਰੇਮ ਅਟੱਲ ਹੈ, ਉਸਦਾ ਸਮਾਂ ਸੰਪੂਰਨ ਹੈ, ਅਤੇ ਉਸਦੇ ਉਦੇਸ਼ ਸਥਿਰ ਹਨ।

**ਦੂਜਾ ਵਿਚਾਰ. ਪਰਮੇਸ਼ੁਰ ਦੀ ਮੁਕਤੀ: ਖ਼ੁਸ਼ ਖ਼ਬਰੀ ਦੇ ਸੁੰਦਰ ਪੈਰ** (ਯਸਾਯਾਹ ਅਧਿਆਇ 52 ਆਇਤਾਂ 1 ਤੋਂ 10 ਤੀਕ)
ਯਸਾਯਾਹ ਨੇ ਮੁਕਤੀ ਦੀ ਇੱਕ ਸਪਸ਼ਟ ਤਸਵੀਰ ਪੇਸ਼ ਕੀਤੀ ਹੈ: *"ਜਿਹੜਾ ਖੁਸ਼ ਖ਼ਬਰੀ ਲੈ ਆਉਂਦਾ ਹੈ, ਉਹ ਦੇ ਪੈਰ ਪਹਾੜਾਂ ਉੱਤੇ ਕਿੰਨੇ ਫੱਬਦੇ ਹਨ! ਜਿਹੜਾ ਸ਼ਾਂਤੀ ਸੁਣਾਉਂਦਾ, ਭਲਿਆਈ ਦੀ ਖੁਸ਼ ਖ਼ਬਰੀ ਲਿਆਉਂਦਾ, ਜਿਹੜਾ ਮਕੁਤੀ ਸੁਣਾਉਂਦਾ ਹੈ, ਉਹ ਸੀਯੋਨ ਨੂੰ ਆਖਦਾ ਹੈ, ਤੇਰਾ ਪਰਮੇਸ਼ੁਰ ਰਾਜ ਕਰਦਾ ਹੈ"* (ਆਇਤ 7)। ਕ੍ਰਿਸਮਸ ਦੀ ਸ਼ਾਮ, ਅਸੀਂ ਖੁਸ਼ਖਬਰੀ ਨੂੰ ਲਿਆਉਣ ਵਾਲੇ ਅਖੀਰਲੇ ਵਿਅਕਤੀ - ਯਿਸੂ ਮਸੀਹ ਦੇ ਆਗਮਨ ਦਾ ਅਨੰਦ ਮਨਾਉਂਦੇ ਹਾਂ। ਉਹ ਗੁਲਾਮਾਂ ਨੂੰ ਆਜ਼ਾਦੀ, ਟੁੱਟੇ ਦਿਲ ਵਾਲਿਆਂ ਲਈ ਸ਼ਾਂਤੀ, ਅਤੇ ਵਿਸ਼ਵਾਸ ਕਰਨ ਵਾਲੇ ਸਾਰਿਆਂ ਲਈ ਮੁਕਤੀ ਦੀ ਮੁਨਾਦੀ ਕਰਨ ਆਇਆ ਸੀ। ਕਿਸੇ ਅਜ਼ੀਜ਼ ਤੋਂ ਖ਼ੁਸ਼ ਖ਼ਬਰੀ ਦੇ ਸੰਬੰਧ ਵਿੱਚ ਲੰਬੇ ਸਮੇਂ ਤੋਂ ਉਡੀਕੀ ਜਾ ਰਹੀ ਚਿੱਠੀ ਪ੍ਰਾਪਤ ਕਰਨ ਦੀ ਖੁਸ਼ੀ 'ਤੇ ਗੌਰ ਕਰੋ। ਹੁਣ ਇਸ ਭਾਵਨਾ ਨੂੰ ਸਮਾਂ ਦੇ ਅੰਤ ਤੋੜੀ ਵਧਾਓ। ਯਿਸੂ ਦਾ ਜਨਮ ਸਿਰਫ਼ ਖ਼ੁਸ਼ ਖ਼ਬਰੀ ਨਹੀਂ ਹੈ; ਉਹੋ ਸਭ ਤੋਂ ਵਧੀਆ ਖ਼ਬਰ ਹੈ। ਇਹ ਮੁਨਾਦੀ ਕਰਦੀ ਹੈ ਕਿ ਪਰਮੇਸ਼ੁਰ ਖੁਦ ਆਪਣੇ ਲੋਕਾਂ ਨੂੰ ਪਾਪ ਤੋਂ ਛੁਡਾਉਣ ਅਤੇ ਜੋ ਟੁੱਟਿਆ ਹੋਇਆ ਸੀ, ਉਸ ਨੂੰ ਬਹਾਲ ਕਰਨ ਲਈ ਆਇਆ ਹੈ। ਦੁਨੀਆਂ ਹਨੇਰੇ ਵਿੱਚ ਇਸ ਪਲ ਦੀ ਉਡੀਕ ਕਰ ਰਹੀ ਸੀ। ਯਸਾਯਾਹ ਦੀ ਭਵਿੱਖਬਾਣੀ ਸਾਨੂੰ ਯਾਦ ਦਿਵਾਉਂਦੀ ਹੈ ਕਿ ਮੁਕਤੀ ਸਿਰਫ਼ ਭਵਿੱਖ ਦੀ ਉਮੀਦ ਨਹੀਂ ਹੈ, ਪਰ ਮਸੀਹ ਵਿੱਚ ਇੱਕ ਮੌਜੂਦਾ ਹਕੀਕਤ ਹੈ। ਯਿਸੂ ਸਾਨੂੰ ਪਾਪ ਅਤੇ ਮੌਤ ਤੋਂ ਛੁਟਕਾਰਾ ਦੇਣ ਲਈ ਆਇਆ ਸੀ, ਅਤੇ ਉਸਦਾ ਜਨਮ ਸ਼ਾਂਤੀ, ਅਨੰਦ ਅਤੇ ਬੁਰਿਆਈ ਉੱਤੇ ਜਿੱਤ ਦਾ ਐਲਾਨ ਹੈ।

**ਤੀਜਾ ਵਿਚਾਰ. ਪਰਮੇਸ਼ੁਰ ਦੀ ਮੌਜੂਦਗੀ: ਇੰਮਾਨੂਏਲ, ਪਰਮੇਸ਼ੁਰ ਸਾਡੇ ਨਾਲ** (ਮੱਤੀ 1 ਤੋਂ ਅਧਿਆਇ 18 ਦੇ ਅੰਤ ਤੱਕ)

ਮੱਤੀ ਦੀ ਖੁਸ਼ਖਬਰੀ ਯਸਾਯਾਹ ਦੀ ਭਵਿੱਖਬਾਣੀ ਦੀ ਪੂਰਤੀ ਨੂੰ ਦਰਜ ਕਰਦੀ ਹੈ: *"ਵੇਖੋ ਕੁਆਰੀ ਗਰਭਣੀ ਹੋਵੇਗੀ ਅਤੇ ਪੁੱਤ੍ਰ ਜਣੇਗੀ, ਅਤੇ ਓਹ ਉਸ ਦਾ ਨਾਮ ਇੰਮਾਨੂਏਲ ਰੱਖਣਗੇ (ਭਾਵ ਪਰਮੇਸ਼ੁਰ ਸਾਡੇ ਨਾਲ ਹੈ)"* (ਆਇਤ 23) ਯਿਸੂ ਵਿੱਚ, ਪਰਮੇਸ਼ੁਰ ਦੇਹਧਾਰੀ ਬਣ ਗਿਆ ਅਤੇ ਸਾਡੇ ਵਿਚਕਾਰ ਵਾਸ ਕੀਤਾ। ਬੇਅੰਤ ਸਿਰਜਣਹਾਰ ਸਾਡੀਆਂ ਖੁਸ਼ੀਆਂ, ਦੁੱਖਾਂ ਅਤੇ ਸੰਘਰਸ਼ਾਂ ਨੂੰ ਸਾਂਝਾ ਕਰਨ ਲਈ ਸਾਡੇ ਸੀਮਤ ਸੰਸਾਰ ਵਿੱਚ ਦਾਖਲ ਹੋਇਆ ਹੈ। ਉਸਦੀ ਮੌਜੂਦਗੀ ਸਾਨੂੰ ਆਰਾਮ, ਤਾਕਤ ਅਤੇ ਉਮੀਦ ਦਿੰਦੀ ਹੈ, ਅਤੇ ਸਾਨੂੰ ਭਰੋਸਾ ਦਿਵਾਉਂਦੀ ਹੈ ਕਿ ਅਸੀਂ ਕਦੇ ਵੀ ਇਕੱਲੇ ਨਹੀਂ ਹਾਂ। ਹਨੇਰੇ ਵਿੱਚ ਆਪਣੇ ਬੱਚੇ ਦੇ ਕੋਲ ਬੈਠੇ ਇੱਕ ਮਾਤਾ-ਪਿਤਾ ਬਾਰੇ ਸੋਚੋ, ਬਸ ਉੱਥੇ ਉਨ੍ਹਾਂ ਦਾ ਹੋਣਾ ਹੀ ਭਰੋਸਾ ਹੈ। ਇਸੇ ਤਰ੍ਹਾਂ, ਯਿਸੂ ਦੀ ਮੌਜੂਦਗੀ ਸਾਡੇ ਡਰ ਨੂੰ ਦੂਰ ਕਰਦੀ ਹੈ ਅਤੇ ਸਾਨੂੰ ਸ਼ਾਂਤੀ ਦਿੰਦੀ ਹੈ। ਇੰਮਾਨੂਏਲ ਸਿਰਫ਼ ਇੱਕ ਨਾਮ ਨਹੀਂ ਹੈ; ਸਗੋਂ ਉਹ ਇਹ ਵਾਅਦਾ ਹੈ ਕਿ ਪਰਮੇਸ਼ੁਰ ਹਰ ਪਲ ਸਾਡੇ ਨਾਲ ਹੈ। ਇਸ ਕ੍ਰਿਸਮਿਸ ਦੀ ਸ਼ਾਮ 'ਤੇ, ਆਓ ਯਾਦ ਰੱਖੀਏ ਕਿ ਯਿਸੂ ਦੂਰੋਂ ਮਨੁੱਖ ਨੂੰ ਵੇਖਣ ਲਈ ਨਹੀਂ ਆਇਆ ਸੀ। ਸਗੋਂ ਉਹ ਸਾਡੇ ਵਿਚਕਾਰ ਚੱਲਣ, ਸਾਡੇ ਦੁੱਖਾਂ ਦਾ ਅਨੁਭਵ ਕਰਨ, ਅਤੇ ਸਾਨੂੰ ਪਰਮੇਸ਼ੁਰ ਨਾਲ ਪ੍ਰੇਮ ਭਰੇ ਰਿਸ਼ਤੇ ਵਿੱਚ ਲਿਆਉਣ ਲਈ ਆਇਆ ਸੀ। ਉਸਦੀ ਮੌਜੂਦਗੀ ਕ੍ਰਿਸਮਸ ਦਾ ਸਭ ਤੋਂ ਵੱਡਾ ਤੋਹਫ਼ਾ ਹੈ।

ਇਸ ਸੰਦੇਸ਼ ਦਾ ਸਾਰ:
ਜਦੋਂ ਅਸੀਂ ਪਰਮੇਸ਼ੁਰ ਦੀ ਵਫ਼ਾਦਾਰੀ, ਛੁਟਕਾਰਾ ਅਤੇ ਮੌਜੂਦਗੀ 'ਤੇ ਵਿਚਾਰ ਕਰਦੇ ਹਾਂ, ਤਾਂ ਕ੍ਰਿਸਮਸ ਦੀ ਸ਼ਾਮ ਇੱਕ ਇਤਿਹਾਸਕ ਅਨੰਦ ਨਾਲੋਂ ਬਹੁਤ ਜ਼ਿਆਦਾ ਅਰਥ ਰੱਖਣ ਵਾਲੀ ਬਣ ਜਾਂਦੀ ਹੈ। ਇਹ ਯਿਸੂ ਵਿੱਚ ਸਾਡੀ ਸਦੀਵੀ ਉਮੀਦ ਦੀ ਯਾਦ ਦਿਵਾਉਂਦਾ ਹੈ। ਮਸੀਹ ਦਾ ਜਨਮ ਇੱਕ ਚਾਨਣ ਹੈ, ਜੋ ਹਨੇਰੇ ਨੂੰ ਵਿੰਨ੍ਹ ਦਿੰਦਾ ਹੈ ਅਤੇ ਸਾਰੇ ਵਿਸ਼ਵਾਸੀਆਂ ਨੂੰ ਮੁਕਤੀ ਅਤੇ ਸ਼ਾਂਤੀ ਪ੍ਰਦਾਨ ਕਰਦਾ ਹੈ। ਅੱਜ ਸ਼ਾਮ, ਜਦੋਂ ਅਸੀਂ ਕੈਰੋਲ ਗਾਉਂਦੇ ਹਾਂ ਅਤੇ ਮੋਮਬੱਤੀਆਂ ਜਗਾਉਂਦੇ ਹਾਂ, ਤਾਂ ਆਓ ਅਸੀਂ ਮਸੀਹ ਦੇ ਜਨਮ ਦੀ ਖੁਸ਼ੀ ਅਤੇ ਅਚੰਭੇ ਲਈ ਆਪਣੇ ਦਿਲਾਂ ਨੂੰ ਖੋਲ੍ਹੀਏ। ਆਓ ਅਸੀਂ ਆਪਣੇ ਨਾਲ ਇੰਮਾਨੂਏਲ – ਯਾਨੀ ਪਰਮੇਸ਼ੁਰ ਦਾ ਸੰਦੇਸ਼ - ਇੱਕ ਅਜਿਹੀ ਦੁਨੀਆਂ ਵਿੱਚ ਲੈ ਕੇ ਚੱਲੀਏ, ਜਿਸਨੂੰ ਉਸਦੀ ਰੋਸ਼ਨੀ ਦੀ ਲੋੜ ਹੈ। ਇਸ ਕ੍ਰਿਸਮਸ ਦੀ ਸ਼ਾਮ ਵਿੱਚ, ਮਸੀਹ ਦੇ ਜਨਮ ਦੀ ਰੋਸ਼ਨੀ ਨੂੰ ਆਪਣੇ ਮਨਾਂ ਨੂੰ ਰੋਸ਼ਨ ਕਰਨ ਦਿਓ, ਇਹ ਤੁਹਾਨੂੰ ਪਰਮੇਸ਼ੁਰ ਦੀ ਅਟੱਲ ਵਫ਼ਾਦਾਰੀ, ਉਸਦੇ ਛੁਟਕਾਰਾ ਦੇਣ ਵਾਲੇ ਪ੍ਰੇਮ, ਅਤੇ ਉਸਦੀ ਸਥਾਈ ਮੌਜੂਦਗੀ ਦੀ ਯਾਦ ਦਿਵਾਉਂਦਾ ਹੈ।

ਆਓ ਅਸੀਂ ਪ੍ਰਾਰਥਨਾ ਕਰੀਏ
ਹੇ ਸਵਰਗੀ ਪਿਤਾ, ਇਸ ਸ਼ਾਤ ਰਾਤ ਵਿੱਚ, ਅਸੀਂ ਤੇਰੇ ਪੁੱਤਰ, ਯਿਸੂ ਮਸੀਹ, ਸੰਸਾਰ ਦੇ ਚਾਨਣ ਦੇ ਤੋਹਫ਼ੇ ਲਈ ਤੇਰਾ ਧੰਨਵਾਦ ਕਰਦੇ ਹਾਂ। ਅਸੀਂ ਤੇਰੀ ਵਫ਼ਾਦਾਰੀ, ਤੇਰੀ ਮੁਕਤੀ, ਅਤੇ ਸਾਡੇ ਨਾਲ ਤੇਰੀ ਮੌਜੂਦਗੀ ਲਈ ਤੇਰੀ ਉਸਤਤ ਕਰਦੇ ਹਾਂ। ਸਾਡੇ ਦਿਲ ਖੁਸ਼ੀਆਂ ਨਾਲ ਭਰ ਜਾਣ ਅਤੇ ਸਾਡਾ ਜੀਵਨ ਉਦੇਸ਼ ਨਾਲ ਭਰ ਜਾਵੇ, ਕਿਉਂਕਿ ਅਸੀਂ ਉਸਦਾ ਜਨਮ ਮਨਾਉਂਦੇ ਹਾਂ। ਦੂਜਿਆਂ ਨਾਲ ਮੁਕਤੀ ਦੀ ਖੁਸ਼ ਖਬਰੀ ਸਾਂਝੀ ਕਰਨ ਵਿੱਚ ਸਾਡੀ ਮਦਦ ਕਰ, ਤਾਂ ਜੋ ਅਸੀਂ ਹਨੇਰੇ ਵਿੱਚ ਰਹਿਣ ਵਾਲਿਆਂ ਉੱਤੇ ਰੌਸ਼ਨੀ ਅਤੇ ਉਮੀਦ ਲਿਆ ਸਕੀਏ। ਮਸੀਹ ਦੀ ਸ਼ਾਂਤੀ ਅੱਜ ਰਾਤ ਅਤੇ ਹਮੇਸ਼ਾ ਸਾਡੇ ਦਿਲਾਂ 'ਤੇ ਰਾਜ ਕਰੇ। ਉਸ ਦੇ ਪ੍ਰੇਮ ਦੀ ਰੋਸ਼ਨੀ ਵਿੱਚ ਚੱਲਣ ਵਿੱਚ ਸਾਡੀ ਮਦਦ ਕਰ, ਅਤੇ ਜੋ ਕੁੱਝ ਵੀ ਅਸੀਂ ਕਰਦੇ ਹਾਂ ਉਸ ਵਿੱਚ ਤੇਰੀ ਵਡਿਆਈ ਕਰਨ ਸਕੀਏ। ਯਿਸੂ ਦੇ ਬਹੁਮੋਲ ਨਾਮ ਵਿੱਚ, ਅਸੀਂ ਪ੍ਰਾਰਥਨਾ ਕਰਦੇ ਹਾਂ। ਆਮੀਨ।